

ਸੇਵਾ ਸਿਮਰਨ ਸੁਸਾਇਟੀ ਵਲੋਂ ਟਰੱਕਿੰਗ ਕੰਪਨੀਆਂ ਲਈ ਸੈਮੀਨਾਰ

ਯੂਬਾ ਸਿਟੀ (ਪੰਜਾਬ ਟਾਈਮਜ਼ ਬਿਊਰੋ): ਸੇਵਾ ਸਿਮਰਨ ਸੁਸਾਇਟੀ ਵਲੋਂ ਟਰੱਕਿੰਗ ਕੰਪਨੀਆਂ ਲਈ ਇਕ ਸੈਮੀਨਾਰ ਇਥੇ ਜਿੰਮੀਜ਼ ਇੰਡੀਅਨ ਕੁਜੀਨ ਵਿਚ ਕਰਵਾਇਆ ਗਿਆ। ਇਸ ਮੌਕੇ ਖਾਸਕਰ ਪੰਜਾਬੀਆਂ ਦੀਆਂ ਟਰੱਕਿੰਗ ਕੰਪਨੀਆਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਵਿਚਾਰ ਕੀਤਾ ਗਿਆ।

ਸੈਮੀਨਾਰ ਨੂੰ ਕੈਲੀਫੋਰਨੀਆ ਦੇ ਹਾਈਵੇ ਪਟਰੋਲ ਦੇ ਇੰਸਪੈਕਟਰ ਸ. ਜਤਿੰਦਰ ਸਿੰਘ ਗਿੱਲ ਨੇ ਸੰਬੋਧਨ ਕੀਤਾ ਜਿਨ੍ਹਾਂ ਨਾਲ ਕੈਵਨ ਗਿਬਸਨ (ਸੀ ਆਈ ਈ ਪੀ), ਐਰਨ ਸਮਾਲਨਸਬਰਗ (ਐਮ ਆਰ ਈ) ਨੇ ਸ਼ਿਰਕਤ ਕੀਤੀ। ਇਹ ਸੈਮੀਨਾਰ ਟਰੱਕਿੰਗ ਕੰਪਨੀਆਂ ਲਈ ਕਾਫੀ ਲਾਹੇਵੰਦ ਮੰਨਿਆ ਗਿਆ। ਸੇਵਾ ਸਿਮਰਨ ਸੁਸਾਇਟੀ ਨੇ ਇਹ ਸੈਮੀਨਾਰ ਸਮੇਂ ਸਮੇਂ ਕਰਵਾਉਣ ਦਾ ਫੈਸਲਾ ਲਿਆ ਹੈ। ਸ. ਜਤਿੰਦਰ ਸਿੰਘ ਗਿੱਲ ਇਸ ਸੈਮੀਨਾਰ ਨੂੰ ਪੂਰੇ ਕੈਲੀਫੋਰਨੀਆ ਵਿਚ ਪੰਜਾਬੀ ਭਾਈਚਾਰੇ ਤੱਕ ਪਹੁੰਚਦਾ ਕਰਨ ਲਈ ਯਤਨਸ਼ੀਲ ਹਨ। ਇਸ ਤੋਂ ਪਹਿਲਾਂ ਉਨ੍ਹਾਂ ਸੈਲਮਾ ਵਿਚ ਅਜਿਹਾ ਹੀ ਸੈਮੀਨਾਰ ਕਰਵਾਇਆ ਸੀ। ਸ੍ਰੀ ਜਤਿੰਦਰ ਸਿੰਘ ਗਿੱਲ ਨੇ ਟਰੱਕਰ ਭਰਾਵਾਂ ਨੂੰ ਕਿਹਾ ਕਿ ਉਹ ਕਾਇਦੇ ਕਾਨੂੰਨ ਦੀ ਸਹੀ ਤਰ੍ਹਾਂ ਪਾਲਣਾ ਕਰਨ ਤਾਂ ਜੋ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਾ ਆਵੇ। ਇਸ ਤਰ੍ਹਾਂ ਕਰਨ ਨਾਲ ਸੁਰੱਖਿਆ ਵੀ ਵਧਦੀ ਹੈ ਅਤੇ ਇੰਸ਼ੋਰੈਂਸ ਵੀ ਸਹੀ ਮਿਲਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬੀ ਟਰੱਕਰਾਂ ਨੂੰ ਭਾਈਚਾਰੇ ਦੇ ਦੂਤਾਂ ਵਾਂਗ ਕੰਮ ਕਰਨਾ ਚਾਹੀਦਾ ਹੈ।

ਇਸ ਮੌਕੇ ਹਾਜ਼ਰ ਸੱਜਣਾਂ ਵਿਚ ਜੋਧਾ ਸਿੰਘ ਮਾਨ, ਰਛਪਾਲ ਸਿੰਘ, ਜੋਗਿੰਦਰ ਸਿੰਘ ਸੰਘਾ, ਨਿਰਮਲ ਸਿੰਘ ਜੰਡਾ, ਵਰਿੰਦਰ ਸਿੰਘ ਬਡਿਆਲ, ਹਰਵਿੰਦਰ ਸਿੰਘ, ਹਰਮਨ ਚੀਮਾ (ਮਨਟੀਕਾ), ਹਰਮਨ ਸੰਧੂ, ਜਗਜੀਤ ਸਿੰਘ ਢਿੱਲੋਂ, ਮਨਜੀਤ ਸਿੰਘ ਸੰਧਰ, ਪਰਮਜੀਤ ਸਿੰਘ ਗਿੱਲ, ਮਨਜਿੰਦਰ ਸਿੰਘ, ਸੰਤੋਖ ਸਿੰਘ ਸੰਧਰ, ਨਰਿੰਦਰ ਸਿੰਘ, ਰਣਜੀਤ ਸਿੰਘ ਤੇ ਹਰਬੰਸ ਸਿੰਘ ਸਨ। ਸੈਮੀਨਾਰ ਵਿਚ ਕਰੀਬ 27 ਕੰਪਨੀਆਂ ਨੇ ਹਿੱਸਾ ਲਿਆ।